# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times | 01 ਦਸੰਬਰ 2024 ਦਿਨ ਐਤਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਵਿਸ਼ਵ ਸਿੱਖ ਸਾਹਿਤ ਅਕਾਦਮੀ ਪਾਇਲ ਦੀ ਮੀਟਿੰਗ ਹੋਈ।

ਵਰਲਡ ਪੰਜਾਬੀ ਟਾਈਮਜ਼
ਹਰਪ੍ਰੀਤ ਸਿੰਘ ਸਿਹੌੜਾ



ਪਾਇਲ /ਮਲੌਦ 1 ਦਸੰਬਰ : ਪ੍ਰਸਿੱਧ ਸਾਹਿਤਕ ਸੰਸਥਾ ਵਿਸ਼ਵ ਸਿੱਖ ਸਾਹਿਤ ਅਕਾਦਮੀ ਪਾਇਲ ਦੀ ਮਹੀਨਾਵਾਰ ਮੀਟਿੰਗ ਗਿਆਨੀ ਦਿੱਤ ਸਿੰਘ ਯਾਦਗਾਰੀ ਖਾਲਸਾ ਲਾਇਬ੍ਰੇਰੀ ਨੇੜੇ ਸੈਕੰਡਰੀ ਸਕੂਲ ਪਾਇਲ ਵਿਖੇ ਅਕਾਦਮੀ ਦੇ ਮੁਖੀ ਜਗਦੇਵ ਸਿੰਘ ਘੁੰਗਰਾਲੀ ਅਤੇ ਜਗਜੀਤ ਸਿੰਘ ਗੁਰਮ ਦੀ ਦੇਖਰੇਖ ਹੇਠ ਹੋਈ। ਸਰਬੰਸ ਦਾਨੀ ਸਾਹਿਬ ਏ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਪ੍ਰਣਾਮ ਕਰਦਿਆਂ ਗੁਰਬਾਣੀ ਸ਼ਬਦ ਕਰਮ ਧਰਮ ਪਾਖੰਡ ਜੋ ਦੀਸਹਿ ਦੀ ਵਿਆਖਿਆ ਬੜੇ ਹੀ ਭਾਵਪੂਰਤ ਤਰੀਕੇ ਨਾਲ ਕੀਤੀ ਗਈ। ਸਟੇਜ ਸਕੱਤਰ ਦੀ ਭੂਮਿਕਾ ਹਰਬੰਸ ਸਿੰਘ ਸ਼ਾਨ ਨੇ ਬਾਖੂਬੀ ਨਿਭਾਈ। ਰਚਨਾਵਾਂ ਦੇ ਦੌਰ ਦੀ ਸ਼ੁਰੂਆਤ ਕਰਦਿਆਂ ਮਨਦੀਪ ਸਿੰਘ ਮਾਣਕੀ ਨੇ ਗੀਤ ਗੁੱਡੀ ਚੜ੍ਹ ਜਾਂਦੀ, ਇਕਬਾਲ ਸਿੰਘ ਰੋਪੜ ਨੇ ਗੀਤ ਪੁੱਤਰ, ਦਵਿੰਦਰ ਸਿੰਘ ਘੁਰਾਲਾ ਨੇ ਗੀਤ ਗੱਭਰੂ, ਹਰਮਨ ਸਿੰਘ ਕੌਲ ਨੇ ਕਵਿਤਾ ਬੰਧ, ਜਗਜੀਤ ਸਿੰਘ ਗੁਰਮ ਨੇ ਗੀਤ ਪੰਜਾਬ ਦੇ ਵਿਹੜੇ, ਪੱਪੀ ਬਗਲੀ ਕਲਾਂ ਨੇ ਗੀਤ ਧੀ, ਅਮਰਜੀਤ ਸਿੰਘ ਘੁਡਾਣੀ ਨੇ ਗੀਤ ਮਨ ਆਪਣੇ ਆਪ,ਮੁਕੰਦ ਸਿੰਘ ਨਿਗਾਹੀ ਨੇ ਗੀਤ ਨੀਮ ਹਕੀਮ, ਸਿਕੰਦਰ ਸਿੰਘ ਰੁੜਕਾ ਨੇ ਗੀਤ, ਅਵਤਾਰ ਸਿੰਘ ਉਟਾਲਾਂ ਨੇ ਗੀਤ ਫੌਜੀ, ਗੁਰੀ ਤੁਰਮਰੀ ਨੇ ਗੀਤ ਬਦਲ ਗਿਆ, ਮਨਵੀਰ ਸਿੰਘ ਧੀਮਾਨ ਨੇ ਕਵਿਤਾ ਆਪਾਂ ਵਿੱਚੋਂ ਮੈਂ ਲੱਭ ਲਈਏ, ਜਿੰਮੀ ਅਹਿਮਦਗੜ੍ਹ ਨੇ ਗੀਤ ਉਲਾਂਭਾ, ਧਰਮਿੰਦਰ ਸ਼ਾਹਿਦ ਖੰਨਾ ਨੇ ਗ਼ਜ਼ਲ, ਪਰਮਜੀਤ ਸਿੰਘ ਮੁੰਡੀਆਂ ਨੇ ਗੀਤ ਡੀ ਸੀ ਦੀ ਕਾਰ, ਗੀਤਾ ਕੰਮੇਵਾਲਾ ਨੇ ਗੀਤ, ਬਲਵੀਰ ਸਿੰਘ ਬੱਬੀ ਤੱਖਰਾਂ ਨੇ ਵਿਅੰਗ, ਹਰਬੰਸ ਸਿੰਘ ਸ਼ਾਨ ਬਗਲੀ ਕਲਾਂ ਨੇ ਗ਼ਜ਼ਲ ਭੁੱਲ ਗਿਆ ਕਿਉਂ, ਸੁਖਵਿੰਦਰ ਸਿੰਘ ਬਿੱਟੂ ਗੀਤ, ਮੁਕੇਸ਼ ਨੇ ਭਾਟੀਆ ਨੇ ਸ਼ੇਅਰ ਅਤੇ ਜਗਦੇਵ ਸਿੰਘ ਘੁੰਗਰਾਲੀ ਨੇ ਖੁੱਲ੍ਹੀ ਕਵਿਤਾ ਪਤੰਗਿਓ ਹੋਸ਼ ਕਰੋ ਸੁਣਾਂ ਕੇ ਆਪਣੀ ਹਾਜ਼ਰੀ ਲਗਵਾਈ। ਸਨੇਹਇੰਦਰ ਸਿੰਘ ਮੀਲੂ, ਦਲਵੀਰ ਸਿੰਘ ਕਲੇਰ ਅਤੇ ਗਗਨਦੀਪ ਸਿੰਘ ਨੇ ਵਿਚਾਰ ਚਰਚਾ ਵਿੱਚ ਭਾਗ ਲਿਆ। ਅਖੀਰ ਵਿੱਚ ਪ੍ਰਸਿੱਧ ਲੇਖਕ ਗੁਰਪ੍ਰੀਤ ਸਿੰਘ ਬੀੜ ਕਿਸ਼ਨ ਦੀ ਮਾਤਾ ਦੇ ਅਕਾਲ ਚਲਾਣੇ ਤੇ ਅਕਾਦਮੀ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

## ਤਰਕਸ਼ੀਲ ਸੁਸਾਇਟੀ ਪੰਜਾਬ ਜੋਨ ਸੰਗਰੂਰ-ਬਰਨਾਲਾ ਦੀ ਛਿਮਾਹੀ ਇਕੱਤਰਤਾ

### ਸੂਬਾ ਪੱਧਰੀ ਜੇਤੂ ਵਿਦਿਆਰਥੀਆਂ ਦਾ ਸਨਮਾਨ ਸਮਾਰੋਹ 22 ਦਸੰਬਰ ਨੂੰ

### ਤਰਕਸ਼ੀਲਾਂ ਦਾ ਸੁਨੇਹਾ –ਮੰਨਣ ਤੋਂ ਪਹਿਲਾਂ ਪਰਖ਼ੋ

ਵਰਲਡ ਪੰਜਾਬੀ ਟਾਈਮਜ਼
ਮਾਸਟਰ ਪਰਮਵੇਦ



ਸੰਗਰੂਰ 1 ਦਸੰਬਰ : ਲੋਕਾਂ ਦਾ ਸੋਚਣ ਢੰਗ ਵਿਗਿਆਨਿਕ ਬਣਾਉਣ ਲਈ ਯਤਨਸ਼ੀਲ ਤਰਕਸ਼ੀਲ ਸੁਸਾਇਟੀ ਪੰਜਾਬ ਜੋਨ ਸੰਗਰੂਰ- ਬਰਨਾਲਾ ਦੀ ਇਕ ਰੋਜ਼ਾ ਦੂਜੀ ਛਿਮਾਹੀ ਇਕੱਤਰਤਾ ਸੁਤੰਤਰ ਭਵਨ ਸੰਗਰੂਰ ਵਿਖੇ ਜ਼ੋਨ ਜਥੇਬੰਦਕ ਮੁਖੀ ਮਾਸਟਰ ਪਰਮ ਵੇਦ ਦੀ ਪ੍ਰਧਾਨਗੀ ਵਿੱਚ ਤੇ ਸੂਬਾ ਜਥੇਬੰਦਕ ਮੁਖੀ ਮਾਸਟਰ ਰਜਿੰਦਰ ਭਦੌੜ ਦੀ ਨਿਗਰਾਨੀ ਵਿੱਚ ਹੋਈ। ਇਸ ਇਕੱਤਰਤਾ ਵਿੱਚ ਭਦੌੜ ,ਬਰਨਾਲਾ, ਲੌਂਗੋਵਾਲ ,ਸਨਾਮ , ਛਾਜਲੀ ਦਿੜ੍ਹਬਾ,ਸੰਗਰੂਰ ਇਕਾਈਆਂ ਦੇ ਤਰਕਸ਼ੀਲ ਆਗੂਆਂ ਨੇ ਸ਼ਮੂਲੀਅਤ ਕੀਤੀ। ਮਾਸਟਰ ਪਰਮਵੇਦ ਨੇ ਮੰਚ ਸੰਚਾਲਨ ਕਰਦਿਆਂ ਸਾਰੀਆਂ ਇਕਾਈਆਂ ਦੇ ਨੁਮਾਇੰਦਿਆਂ ਨੂੰ ਆਪਣੀ ਪੇਸ਼ ਕਰਨ ਵਾਲੀ ਰਿਪੋਰਟ ਵਿਚ ਸ਼ਾਮਿਲ ਨੁਕਤਿਆਂ ਨੂੰ ਧਿਆਨ ਵਿੱਚ ਰੱਖਣ ਬਾਰੇ ਵਿਸਥਾਰਪੂਰਵਕ ਦੱਸਿਆ। ਜ਼ੋਨ ਦੇ ਵਿੱਤ ਮੁਖੀ ਸੋਹਨ ਸਿੰਘ ਮਾਝੀ ਨੇ ਇਕੱਤਰਤਾ ਵਿੱਚ ਸ਼ਾਮਿਲ ਸਾਰਿਆਂ ਦਾ ਸਵਾਗਤ ਕੀਤਾ। ਉਸ ਤੋਂ ਬਾਅਦ ਸਾਰੀਆਂ ਇਕਾਈਆਂ ਦੇ ਨੁਮਾਇੰਦਿਆਂ ਨੇ ਆਪੋ ਆਪਣੇ ਇਕਾਈ ਦੀ ਰਿਪੋਰਟ ਪੇਸ਼ ਕੀਤੀ ।ਉਹਨਾਂ ਇਕਾਈ ਵਲੋਂ ਕੀਤੀਆਂ ਸਰਗਰਮੀਆਂ, ਇਕਾਈ ਦੀ ਜਥੇਬੰਦਕ ਸਥਿਤੀ, ਪਰਿਵਾਰਕ ਮਿਲਣੀ,ਚੇਤਨਾ ਪਰਖ ਪ੍ਰੀਖਿਆ ਬਾਰੇ ਵਿਸਥਾਰਤ ਜਾਣਕਾਰੀ, ਇਕਾਈ ਦੀਆਂ ਆਪਣੀਆਂ ਮੀਟਿੰਗਾਂ ਤੇ ਜ਼ੋਨ ਮੀਟਿੰਗਾਂ ਵਿੱਚ ਸ਼ਮੂਲੀਅਤ ਤੇ ਤਰਕਸ਼ੀਲਤਾ ਦੇ ਪ੍ਰਚਾਰ ਪ੍ਰਸਾਰ ਲਈ ਸੂਬੇ ਵਲੋਂ ਉਲੀਕੇ ਹਰ ਕਿਸਮ ਦੇ ਪ੍ਰੋਗਰਾਮਾਂ ਦੀ ਕੀਤੀਆ ਸਰਗਰਮੀਆਂ ਦੀ ਅੱਜ ਤੱਕ ਦੀ ਕਾਰਗੁਜ਼ਾਰੀ ਪੇਸ਼ ਕੀਤੀ। ਭਦੌੜ ਇਕਾਈ ਦੀ ਗੁਰਪ੍ਰੀਤ ਸ਼ਹਿਣਾ,ਬਰਨਾਲਾ ਇਕਾਈ ਦੀ ਭੀਮ ਸੈਨ, ਲੌਂਗੋਵਾਲ ਇਕਾਈ ਦੀ ਜੁਝਾਰ ਸਿੰਘ ਲੌਂਗੋਵਾਲ, ਸੁਨਾਮ ਇਕਾਈ ਦੀ ਵਿਸ਼ਵ ਕਾਂਤ, ਛਾਜਲੀ ਦੀ ਭੀਮ ਰਾਜ, ਦਿੜ੍ਹਬੇ ਦੀ ਨਾਇਬ ਸਿੰਘ ਰਟੋਲਾਂ,ਸੰਗਰੂਰ ਦੀ ਸੁਰਿੰਦਰ ਪਾਲ ਉਪਲੀ ਨੇ ਰਿਪੋਰਟ ਪੇਸ਼ ਕੀਤੀ।
ਜ਼ੋਨ ਆਗੂਆਂ ਸੋਹਣ ਸਿੰਘ ਮਾਝੀ ਵਿੱਤ ਮੁਖੀ,ਮੀਡੀਆ ਮੁਖੀ ਸੀਤਾ ਰਾਮ ਬਾਲਦ ਕਲਾਂ , ਜਥੇਬੰਦਕ ਮੁਖੀ ਮਾਸਟਰ ਪਰਮਵੇਦ ਨੇ ਆਪੋ ਆਪਣੇ ਵਿਭਾਗ ਦੀ ਰਿਪੋਰਟ ਪੇਸ਼ ਕੀਤੀ । ਨਰਿੰਦਰ ਪਾਲ ਬਰਨਾਲਾ ਨੇ ਇਨਕਲਾਬੀ ਗੀਤ ਪੇਸ਼ ਕੀਤੇ।ਸੂਬਾ ਜਥੇਬੰਦਕ ਮੁਖੀ ਰਜਿੰਦਰ ਭਦੌੜ ਨੇ ਤਰਕਸ਼ੀਲ ਦੋਸਤਾਂ ਵੱਲੋਂ ਆਏ ਅੱਡ ਅੱਡ ਸ਼ੰਕਿਆਂ ਦੀ ਨਿਵਿਰਤੀ ਕੀਤੀ ਤੇ ਬਹੁਤ ਸਾਰੇ ਨੁਕਤਿਆਂ ਨੂੰ ਬਾਖੂਬੀ ਸਪੱਸ਼ਟ ਕੀਤਾ। ਉਨ੍ਹਾਂ ਦੱਸਿਆ ਕਿ ਚੇਤਨਾ ਪਰਖ਼ ਪ੍ਰੀਖਿਆ ਦੇ ਸੂਬਾ ਪੱਧਰ ਦੇ ਜੇਤੂ ਵਿਦਿਆਰਥੀਆਂ ਦਾ ਸਨਮਾਨ ਸਮਾਗਮ 22 ਦਸੰਬਰ ਨੂੰ ਤਰਕਸ਼ੀਲ ਭਵਨ ਬਰਨਾਲਾ ਵਿਖੇ ਕੀਤਾ ਜਾਵੇਗਾ।ਦੂਜੇ ਸੈਸ਼ਨ ਵਿੱਚ ਆਏ ਸਵਾਲਾਂ ਦੇ ਜਵਾਬ ਦਿੱਤੇ ਗਏ। ਜਥੇਬੰਦਕ ਮੁਖੀ ਮਾਸਟਰ ਪਰਮਵੇਦ ਨੇ ਇਕੱਤਰਤਾ ਵਿੱਚ ਸ਼ਾਮਲ ਸਾਰੇ ਸਾਥੀਆਂ ਦਾ ਧੰਨਵਾਦ ਕਰਦਿਆਂ ਆਪੋ ਆਪਣੇ ਇਕਾਈ ਵਿੱਚ ਹੋਰ ਲੋਕ ਪੱਖੀ ਸਰਗਰਮੀਆਂ ਕਰਨ , ਲੋਕਾਂ ਦਾ ਸੋਚਣ ਢੰਗ ਵਿਗਿਆਨਕ ਬਣਾਉਣ ਲਈ ਯਤਨਸ਼ੀਲ ਰਹਿਣ ਦਾ ਸੁਨੇਹਾ ਦਿੱਤਾ।

## "ਵਾਅਦਾ"

ਵਰਲਡ ਪੰਜਾਬੀ ਟਾਈਮਜ਼
ਹਰਿੰਦਰ ਸਿੰਘ ਗਰੇਵਾਲ




ਸਕੂਲ ਦਾ ਮੈਗਜ਼ੀਨ ਸਾਂਝ ਤਿੰਨ ਬਣਾਉਣ ਬਾਰੇ ਗੱਲਬਾਤ ਸ਼ੁਰੂ ਹੋਈ ਜਿਸ ਦਾ ਇੰਚਾਰਜ ਲਗਾਇਆ ਗਿਆ ਮੈਡਮ ਗੁਰਦੀਪ ਨੂੰ ਮੈਡਮ ਗੁਰਦੀਪ ਇਸ ਜ਼ਿੰਮੇਵਾਰੀ ਮਿਲਣ ਤੋਂ ਬਾਅਦ ਚਾਈ ਚਾਈ ਮੈਗਜ਼ੀਨ ਦੀ ਤਿਆਰੀ ਵਿੱਚ ਜੁੱਟ ਗਏ ਤਿਆਰੀ ਕਰਦੇ ਕਰਦੇ ਇੱਕ ਦਿਨ ਮੇਰੇ ਕਮਰੇ ਵਿੱਚ ਆਏ ਅਤੇ ਮੈਨੂੰ ਕਹਿਣ ਲੱਗੇ ਸਰ ਤੁਸੀਂ ਵੀ ਮੈਗਜ਼ੀਨ ਲਈ ਕੁਝ ਲਿਖੋ ਮੈਂ ਹੱਸਦੇ ਜਿਹੇ ਟਾਲਦੇ ਟਾਲਦੇ ਨੇ ਕਿਹਾ ਕਿ ਮੈਮ ਮੈਨੂੰ ਕਿਤੇ ਕੁਝ ਲਿਖਣਾ ਆਉਂਦਾ।

ਮੈਮ ਦੀ ਲਗਨ ਸਹਿਨਸ਼ੀਲਤਾ ਅਤੇ ਸਮਰਪਣ ਨੂੰ ਦੇਖਦੇ ਹੋਏ ਮਨ ਕਰਿਆ ਵੀ ਕੁਝ ਜ਼ਰੂਰ ਲਿਖਿਆ ਜਾਵੇ।
ਕਹਾਣੀ ਕੋਈ ਮਨ ਘੜਤ ਤਾਂ ਨਹੀਂ ਹੈ, ਮੇਰੇ ਕੋਲ ਇੱਕ ਆਪ ਬੀਤੀ ਨੂੰ ਹਰਫ ਦੇਣ ਦੀ ਕੋਸ਼ਿਸ਼ ਕਰ ਰਹੇ ਹਾਂ।

ਗੱਲ 2020 -21 ਦੀ ਹੈ, ਦਿਵਾਲੀ ਦਾ ਦਿਨ ਸੀ ਮੈਂ ਸਕੂਲ ਗਿਆ ਦੀਵੇ ਲਗਾਉਣ ਲਈ ਮੈਂ ਬੱਚਿਆਂ ਨੂੰ ਵੀ ਕਿਹਾ ਸੀ ਕਿ ਬੇਟਾ ਜਿਹੜੇ ਬੱਚੇ ਲੋਕਲ ਹਨ ਉਹ ਜਰੂਰ ਆਇਓ ਦਿਵਾਲੀ ਹੈ ਆਪਾਂ ਗਰਾਊਂਡ ਨੂੰ ਮੋਮਬੱਤੀਆਂ ਤੇ ਦਿਵੇਆਂ ਨਾਲ ਸਜਾਵਾਂਗੇ ।

ਜਦੋਂ ਮੈਂ ਗਰਾਊਂਡ ਵਿੱਚ ਦੇਖਿਆ ਤਾਂ 100 ਦੇ ਕਰੀਬ ਬੱਚੇ ਮੋਮਬੱਤੀਆਂ,ਤੇਲ ਅਤੇ ਦੇਸੀ ਘੀ ਦੇ ਦੀਵੇ ਗਰਾਊਂਡ ਵਿੱਚ ਲਗਾਉਣ ਲਈ ਲੈ ਕੇ ਆਏ ਹੋਏ ਸਨ। ਨਾਲ ਹੀ ਆਪੋ ਆਪਣੇ ਘਰਾਂ ਵਿੱਚੋਂ ਕੁਝ ਨਾ ਕੁਝ ਮੇਰੇ ਲਈ ਖਾਣ ਨੂੰ ਲੈ ਕੇ ਆਏ ਹੋਏ ਸਨ, ਅਸੀਂ ਸਾਰਿਆਂ ਨੇ ਮਿਲ ਕੇ ਦੀਵੇ ਲਗਾਏ ਅਤੇ ਸਾਰਿਆਂ ਮਿਲ ਕੇ ਬੱਚਿਆਂ ਦਾ ਲਿਆਂਦਾ ਸਮਾਨ ਥੋੜਾ ਥੋੜਾ ਟੇਸਟ ਕੀਤਾ। ਅਤੇ ਮੱਥਾ ਟੇਕ ਦੇ ਹੋਏ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਸਾਡੇ ਬੱਚਿਆਂ ਨੂੰ ਚੰਗੇ ਇਨਸਾਨ ਅਤੇ ਵਧੀਆ ਖਿਡਾਰੀ ਬਣਾਈ ਬੱਚਿਆਂ ਦੀ ਫਰਮਾਇਸ਼ ਤੇ ਥੋੜਾ ਭੰਗੜਾ ਵੀ ਪਾਇਆ। ਹਨੇਰਾ ਹੁੰਦਾ ਦੇਖ ਮੈਂ ਬੱਚਿਆਂ ਨੂੰ ਘਰ ਜਾਣ ਲਈ ਕਿਹਾ ਕਿਉਂਕਿ ਮੈਨੂੰ ਵੀ ਘਰੋਂ ਗਾਲਾਂ ਪੈਣੀਆਂ ਸ਼ੁਰੂ ਹੋ ਗਈਆਂ ਸਨ ਕੀ ਤੂੰ ਅੱਜ ਤਾਂ ਤਿਉਹਾਰ ਦਾ ਦਿਨ ਹੈ ਅੱਜ ਤਾਂ ਟਾਈਮ ਨਾਲ ਘਰ ਆ ਜਾ।

ਸਾਰੇ ਬੱਚੇ ਜਲਦੀ ਜਲਦੀ ਮਿਲ ਕੇ ਘਰ ਨੂੰ ਚੱਲ ਪਏ ਇੱਕ ਬੱਚਾ ਹਜੇ ਵੀ ਉਥੇ ਖੜਾ ਸੀ ਉਸਦੇ ਹੱਥ ਵਿੱਚ ਕੁਝ ਪੈਕ ਕੀਤਾ ਹੋਇਆ ਸੀ ਮੈਂ ਸੋਚਿਆ ਆਪਣੇ ਘਰ ਲਈ ਕੁਝ ਬਾਜ਼ਾਰ ਤੋਂ ਲੈ ਕੇ ਆਇਆ ਹੋਣਾ ਦਿਵਾਲੀ ਹੈ,ਜਦੋਂ ਬੱਚਾ ਮੇਰੇ ਕੋਲ ਆਇਆ ਤਾਂ !ਮੈਂ ਕਿਹਾ ਬੇਟਾ ਹੁਣ ਤੂੰ ਜਾ ਆਪਾਂ ਪਹਿਲਾਂ ਹੀ ਬਹੁਤ ਲੇਟ ਹੋ ਗਏ ਹਾਂ,ਤਾਂ ਬੱਚੇ ਨੇ ਹੱਥ ਵਿੱਚ ਫੜਿਆ ਤੋਹਫਾ ਅੱਗੇ ਕਰਦੇ ਹੋਏ ਮੈਨੂੰ ਕਿਹਾ ਸਰ ਜੀ ਹੈਪੀ ਦਿਵਾਲੀ ,ਮੈਂ ਹੈਰਾਨ ਹੁੰਦੇ ਨੇ ਕਿਹਾ ਬੇਟਾ ਜੀ ਹੈਪੀ ਦਿਵਾਲੀ ਤਾਂ ਠੀਕ ਹੈ ਪਰ ਇਹ ਕੀ? ਬੱਚੇ ਨੇ ਉਤਸੁਕਤਾ ਨਾਲ ਝੱਟ ਜਵਾਬ ਦਿੰਦੇ ਕਿਹਾ ਕਿ ਸਰ ਇਹ ਮੈਂ ਤੁਹਾਡੇ ਲਈ ਲੈ ਕੇ ਆਇਆ ਹਾਂ ਕਿਉਂਕਿ ਤੁਸੀਂ ਸਾਡਾ ਬਹੁਤ ਪਿਆਰ ਕਰਦੇ ਹੋ ਸਾਡੇ ਮਾਤਾ ਪਿਤਾ ਨਾਲੋਂ ਵੀ ਵੱਧ,ਸਾਡੀ ਕੇਅਰ ਕਰਦੇ ਹੋ ,ਮੈਨੂੰ ਜਿਉਣਾ ਸਿਖਾਉਂਦੇ ਹੋ ।

ਉਸ ਸਮੇਂ ਬੱਚੇ ਦਾ ਚਿਹਰਾ ਦੇਖਣ ਵਾਲਾ ਸੀ ਪੂਰੀ ਤਰਹਾਂ ਹੌਂਸਲੇ ਨਾਲ ਅਤੇ ਖੁਸ਼ੀ ਨਾਲ ਭਰਿਆ ਹੋਇਆ ਸੀ ਮੈਨੂੰ ਬੱਚੇ ਦਾ ਬਹੁਤ ਪਿਆਰ ਆਇਆ ਮੈਂ ਘੁੱਟ ਕੇ ਬੁੱਕਲ ਵਿੱਚ ਲੈ ਲਿਆ ਅਤੇ ਬੱਚੇ ਨੂੰ ਪਿਆਰ ਦਿੰਦੇ ਹੋਏ ਉਸ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਬੇਟਾ ਮੈਂ ਤੇਰੇ ਤੋਂ ਇਹ ਲੈ ਨਹੀਂ ਸਕਦਾ ਕਿਉਂਕਿ ਬੇਟਾ ਇਹ ਤਾਂ ਤੇਰੇ ਪਾਪਾ ਦੀ ਕਮਾਈ ਵਿੱਚੋਂ ਖਰੀਦਿਆ ਹੈ ਮੈਂ ਉਸ ਦਿਨ ਤੇਰੇ ਤੋਂ ਕੁਝ ਲਵਾਂਗਾ ਜਿਸ ਦਿਨ ਤੂੰ ਆਪ ਕਮਾਵੇਂਗਾ, ਤੇ ਮੈਨੂੰ ਯਾਦ ਰੱਖੇਗਾ ਤੇ ਮੇਰੇ ਲਈ ਕੁਝ ਲੈ ਕੇ ਆਵੇਂਗਾ ।

ਬੱਚੇ ਦੇ ਤੁਰੰਤ ਹਾਵ-ਭਾਵ ਬਦਲ ਗਏ ਜਿਵੇਂ ਉਸ ਤੋਂ ਉਸਦੀ ਖੁਸ਼ੀ ਕਿਸੇ ਨੇ ਖੋ ਲਈ ਹੋਵੇ ਉਸਦੇ ਚਿਹਰੇ ਤੋਂ ਸਾਫ ਦਿਖਾਈ ਦਿੰਦਾ ਸੀ ਉਹ ਮੈਨੂੰ ਰੋਸਾ ਦਿਖਾਉਂਦਾ ਹੋਇਆ ਕਹਿਣ ਲੱਗਾ ਸਰ ਤੁਸੀਂ ਮੇਰੇ ਤੋਂ ਨਰਾਜ਼ ਹੋ ਮੈਨੂੰ ਆਪਣਾ ਬੇਟਾ ਨਹੀਂ ਸਮਝਦੇ ਵਗੈਰਾ ਵਗੈਰਾ ।

ਮੈਂ ਉਸ ਨੂੰ ਬੁੱਕਲ ਵਿੱਚ ਲੈ ਕੇ ਪਿਆਰ ਦਿੰਦੇ ਹੋਏ ਉਸਨੂੰ ਭਰੋਸਾ ਦਿਵਾਉਣ ਦੀ ਕੋਸ਼ਿਸ਼ ਕੀਤੀ ਕਿ ਬੇਟਾ ਪੱਕਾ ਉਸ ਸਮੇਂ ਲਵਾਂਗਾ ਜਦੋਂ ਤੂੰ ਕਮਾਵੇਂਗਾ ।

ਇਕਦਮ ਮੇਰੀ ਬੁੱਕਲ ਵਿੱਚੋਂ ਨਿਕਲ ਕੇ ਪਰਾਂ ਹੋ ਕੇ ਖੜਦੇ ਹੋਏ ਨੇ ਮੇਰੇ ਹੱਥ ਫੜ ਲਿਆ ਅਤੇ ਆਪਣੇ ਸਿਰ ਤੇ ਰੱਖ ਕੇ ਗੁੱਸੇ ਭਰੇ ਚਿਹਰੇ ਨਾਲ ਮੇਰੇ ਵੱਲ ਤੱਕਦਾ ਹੋਇਆ ਬੋਲਿਆ ਸਰ ਮੇਰੀ ਸੋਹ ਖਾਵੋ ਜੀ ਫਿਰ ਤੁਸੀਂ ਮੈਨੂੰ ਮਨਾ ਨਹੀਂ ਕਰੋਗੇ ਮੈਂ ਕਿਹਾ ਬੇਟਾ ਪੱਕਾ।

ਬੱਚੇ ਨੂੰ ਖੁਸ਼ੀ ਦੇਣ ਲਈ ਮੈਂ ਉਸਦੇ ਸਿਰ ਤੇ ਹੱਥ ਰੱਖ ਦੇ ਕਹਿ ਦਿੱਤਾ ਕਿ ਪੱਕਾ ਪੁੱਤਰ ਦੁਬਾਰਾ ਕਹਿਣ ਲੱਗਿਆ ਸਰ ਵਾਅਦਾ ਕਰੋ ਕੀ ਮੇਰੇ ਤੋਂ ਪੱਕਾ ਫੇਰ ਲਵੋਗੇ ਨਾ ਗਿਫਟ?ਪੱਕਾ ਪੁੱਤਰ ਜੀ ਤੁਸੀਂ ਵੀ ਮੇਰੇ ਨਾਲ ਵਾਅਦਾ ਕਰੋ ਕਿ ਆਪਣੇ ਚਿਹਰੇ ਤੇ ਪਹਿਲਾਂ ਵਾਲੀ ਮੁਸਕਾਨ ਦੁਬਾਰਾ ਤੋਂ ਲੈ ਕੇ ਆਵੋਗੇ ! ਤਾਂ ਮੈਂ ਵਾਅਦਾ ਕਰਾਂਗਾ, ਤਾਂ ਉਸ ਦੇ ਹੱਸਦੇ ਹੋਏ ਮੈਨੂੰ ਜੱਫੀ ਪਾ ਲਈ ਤੇ ਮੇਰੇ ਮੂੰਹ ਚੁੰਮਦੇ ਹੋਏ ਮੈਨੂੰ ਕਹਿਣ ਲੱਗਾ ਸਰ ਮੇਰੇ ਨਾਲ ਕੀਤਾ ਵਾਧਾ ਤੋੜੋਗੇ ਤਾਂ ਨਹੀਂ ਮੈਂ ਹੱਸਦੇ ਹੋਏ ਕਿਹਾ ਬੇਟਾ ਕਦੀ ਵੀ ਨਹੀਂ ਪੱਕਾ ਉਨਾ ਪੱਕਾ ਜਿੰਨਾ ਤੇਰਾ ਮੇਰਾ ਰਿਸ਼ਤਾ ਪੱਕਾ,ਤੇ ਉਹ ਹੱਸਦਾ ਹੋਇਆ ਹੈਪੀ ਦੀਵਾਲੀ ਬੋਲਦਾ ਹੋਇਆ ਘਰ ਚਲਾ ਗਿਆ।

ਇਸ ਤਰ੍ਹਾਂ ਕੁਝ ਸਾਲ ਬੀਤ ਗਏ ਮੈਂ ਸਭ ਕੁਝ ਭੁੱਲ ਭੁਲਾ ਗਿਆ ਅਚਾਨਕ ਇੱਕ ਦਿਨ ਉਹ ਬੱਚਾ ਦੁਬਾਰਾ ਮਿਲਣ ਸਕੂਲ ਵਿੱਚ ਆਇਆ।

ਮੈਂ ਰੋਜ਼ ਦੀ ਤਰ੍ਹਾਂ ਆਪਣੇ ਕੰਮ ਵਿੱਚ ਰੁਝਿਆ ਹੋਇਆ ਸੀ ਤਾਂ ਮੈਂ ਉਸ ਨੂੰ ਮਿਲ ਕੇ ਪਿਆਰ ਦਿੱਤਾ ਤੇ ਉਸ ਦਾ ਹਾਲ ਚਾਲ ਪੁੱਛਿਆ ਤੇ ਉਸਦੀ ਖੇਡ ਬਾਰੇ ਪੁੱਛਿਆ ਤਾਂ ਉਸਨੇ ਸਭ ਕੁਝ ਵਧੀਆ ਕਿਹਾ।

ਮੈਂ ਉਸਨੂੰ ਕਿਹਾ ਕਿ ਬੇਟਾ ਮੈਂ ਬਿਜ਼ੀ ਹਾਂ ਤੂੰ ਆਪਣਾ ਕੰਮ ਕਰ ਲੈ ਆਪਾਂ ਫਿਰ ਕਦੇ ਫਰੀ ਟਾਈਮ ਮਿਲਦੇ ਹਾਂ। ਇਨਾਂ ਕਹਿ ਕੇ ਮੈਂ ਆਪਣੇ ਕੰਮ ਵਿੱਚ ਰੁਝ ਗਿਆ ਜਦੋਂ ਛੁੱਟੀ ਹੋਈ ਤਾਂ ਸਾਰੇ ਆਪੋ – ਆਪਣੇ ਘਰਾਂ ਨੂੰ ਚਲੇ ਗਏ ਮੈਂ ਕੰਮ ਜ਼ਿਆਦਾ ਹੋਣ ਕਰਕੇ ਕੰਮ ਕਰਦਾ ਰਿਹਾ, ਜਦੋਂ ਸ਼ਾਮ ਦੇ ਛੇ ਕੁ ਵਜੇ ਮੈਂ ਘਰ ਜਾਣ ਲਈ ਬਾਹਰ ਨਿਕਲਿਆ ਤਾਂ ਉਸ ਬੱਚੇ ਨੂੰ ਉੱਤੇ ਬੈਠਾ ਦੇਖ ਕੇ ਹੈਰਾਨ ਹੁੰਦੇ ਹੋਏ ਮੈਂ ਪੁੱਛਿਆ ਕਿ ਤੂੰ ਇੱਥੇ ਕੀ ਕਰਦਾ ਏ ਪੁੱਤ ਤੂੰ ਹਲੇ ਘਰ ਨਹੀਂ ਗਿਆ, ਉਸ ਦੇ ਸੋਚ ਭਰੇ ਚਿਹਰੇ ਤੋਂ ਜਵਾਬ ਆਇਆ ਸਰ ਮੈਂ ਤੁਹਾਨੂੰ ਮਿਲਣਾ ਸੀ, ਮੈਂ ਤੁਰੰਤ ਜਵਾਬ ਦਿੰਦੇ ਕਿਹਾ ਕਿ ਬੇਟਾ ਸਵੇਰੇ ਮੈਨੂੰ ਮਿਲ ਤਾਂ ਲਿਆ ਸੀ ਹੁਣ ਕੀ ਰਹਿ ਗਿਆ ਮੈਂ ਹੈਰਾਨ ਹੁੰਦੇ ਉਸ ਨੂੰ ਪੁੱਛਿਆ !ਬੇਟਾ ਤੈਨੂੰ ਕੋਈ ਸਮੱਸਿਆ ਤਾਂ ਨਹੀਂ,ਉਸਨੇ ਤੁਰੰਤ ਜਵਾਬ ਦਿੰਦੇ ਕਿਹਾ ਨਹੀਂ ਸਰ ਜੀ। ਨਹੀਂ ਸਰ ਜੀ ਕਹਿੰਦੇ ਹੋਏ ਉਹਦੇ ਚਿਹਰੇ ਤੇ ਅਚਾਨਕ ਮੈਂ ਖੁਸ਼ੀ ਦੇਖੀ, ਇੰਝ ਲੱਗਿਆ ਜਿਵੇਂ ਉਹ ਹੁਣ ਆਇਆ ਹੋਵੇ , ਹੁਣ ਉਸਦੇ ਚਿਹਰੇ ਤੇ ਅਜੀਬ ਚਮਕ ਸੀ।

ਮੈਂ ਰਿਲੈਕਸ ਹੁੰਦੇ ਕੁਰਸੀ ਤੇ ਬੈਠਦੇ ਨੇ ਉਸਨੂੰ ਫਿਰ ਤੋਂ ਬੁੱਕਲ ਵਿੱਚ ਲੈ ਲਿਆ ਤੇ ਕਿਹਾ ਦੱਸੋ ਪੁੱਤ ਜੀ ਕੀ ਗੱਲ ਕਰਨੀ ਏ। ਉਸਨੇ ਘੁੱਟ ਕੇ ਜੱਫੀ ਪਾਉਂਦਿਆਂ ਹੀ ਮੇਰਾ ਮੂੰਹ ਚੁੰਮਦੇ ਮੁਸਕਰਾਉਂਦੇ ਹੋਏ ਕਿਹਾ ਸਰ ਜੀ ਤੁਹਾਨੂੰ ਆਪਣਾ ਕੀਤਾ ਵਾਅਦਾ ਯਾਦ ਆ ਨਾਂ , ਮੈਂ ਹੱਸਦੇ ਨੇ ਕਿਹਾ ਹਾਂ ਪੁੱਤ ਤੂੰ ਮੇਰਾ ਪੁੱਤ ਏਂ, ਇਸ ਵਿੱਚ ਯਾਦ ਕਰਨ ਵਾਲੀ ਤਾਂ ਕੋਈ ਗੱਲ ਨਹੀਂ। ਉਸਨੇ ਮੇਰੀ ਗੱਲ ਕੱਟਦੇ ਹੋਏ ਜਲਦੀ ਨਾਲ ਕਿਹਾ, ਨਹੀਂ ਸਰ ਜੀ ਦੀਵਾਲੀ ਵਾਲਾ ਵਾਅਦਾ!

ਮੈਂ ਪੂਰੀ ਤਰ੍ਹਾਂ ਭੁੱਲ ਚੁੱਕਿਆ ਸੀ, ਤਾਂ ਮੈਂ ਕਿਹਾ ਕਿ ਦਿਵਾਲੀ ਵਾਲਾ ਕਿਹੜਾ ਵਾਅਦਾ !
ਤਾਂ ਉਸ ਨੂੰ ਤੁਰੰਤ ਨਰਾਜ਼ ਹੁੰਦੇ ਹੋਏ ਉੱਤਰ ਦਿੱਤਾ ਸਰ ਤੁਸੀਂ ਮੇਰਾ ਗਿਫਟ ਵਾਪਸ ਕੀਤਾ ਸੀ ਮੈਂ ਤੁਰੰਤ ਹੱਸਦੇ ਹੋਏ ਕਿਹਾ ਹਾਂ ਪੁੱਤ ,ਪੱਕਾ ਜਦੋਂ ਤੂੰ ਕਮਾਵੇਂਗਾ ਉਦੋਂ ਪੱਕਾ ਤੈਨੂੰ ਕਹਿ ਕੇ ਗਿਫਟ ਲਵਾਂਗਾ।

ਮੇਰੇ ਇੰਨਾ ਕਹਿਣ ਦੀ ਦੇਰ ਸੀ ਉਹ ਝੱਟ ਗਲਵੱਕੜੀ ਤੋਂ ਬਾਹਰ ਆਇਆ ਤੇ ਰਸੋਈ ਵੱਲ ਭੱਜ ਕੇ ਗਿਆ ਤੇ ਇੱਕ ਲਿਫਾਫਾ ਚੱਕ ਕੇ ਲੈ ਆਇਆ ਜਿਸ ਵਿੱਚ ਕੁਝ ਹੈ ਸੀ , ਮੈਨੂੰ ਦਿੰਦੇ ਹੋਏ ਲਓ ਸਰ ਜੀ ਤੁਹਾਡੇ ਲਈ ਮੇਰੀ ਪਹਿਲੀ ਕਮਾਈ ਵਿੱਚੋਂ! ਮੇਰਾ ਫਿਰ ਉਹੀ ਜਵਾਬ ਸੀ ਤੂੰ ਕਦੋਂ ਤੋਂ ਕਮਾਉਣ ਲੱਗਾ ਗਿਆ ਜਦੋਂ ਕਮਾਵੇਂਗਾ ਉਦੋਂ ਪੱਕਾ ਲਾਊਂਗਾ।

ਤੁਰੰਤ ਬੜੇ ਰੋਸ ਭਰੇ ਲਹਿਜੇ ਵਿੱਚ ਅੱਖਾਂ ਭਰਦੇ ਹੋਏ ਮੈਨੂੰ ਕਹਿਣ ਲੱਗਾ ਸਰ ਜੀ ਆਪਣਾ ਵਾਅਦਾ ਯਾਦ ਕਰੋ ਤੁਸੀਂ ਮੇਰੀ ਸੋਹ ਖਾਧੀ ਸੀ ਹੁਣ ਸੋਹ ਨਾ ਤੋੜੋ ਇਹ ਮੈਂ ਆਪਣੀ ਪਹਿਲੀ ਕਮਾਈ ਵਿੱਚੋਂ ਹੀ ਲੈ ਕੇ ਆਏ ਹਾਂ ਮੈਂ ਹੱਸਦੇ ਹੋਏ ਕਿਹਾ ਉਹ ਤੂੰ ਹਾਲੇ ਕਿਹੜੀ ਕਮਾਈ ਕਰਦਾ ਓਏ ਉਸਨੇ ਜਵਾਬ ਦਿੱਤਾ ਜਿਸਨੇ ਮੈਨੂੰ ਅੰਦਰੋਂ ਤੱਕ ਝੰਜੋੜ ਕੇ ਰੱਖ ਦਿੱਤਾ ਸਰ ਮੇਰਾ ਖੇਡਾਂ ਵਤਨ ਪੰਜਾਬ ਵਿੱਚੋਂ ਮੈਡਲ ਆਇਆ ਮੈਨੂੰ ਉਹ ਇਨਾਮ ਮਿਲਿਆ। ਮੇਰੇ ਇਨਾਮ ਦੀ ਕਮਾਈ ਤਾਂ ਮੇਰੀ ਪਹਿਲੀ ਕਮਾਈ ਹੋਈ ਨਾ।


ਤੁਸੀਂ ਹੀ ਤਾਂ ਸਿਖਾਇਆ ਕਿ ਪਹਿਲੀ ਕਮਾਈ ਆਪਣੇ ਰੱਬ ਨੂੰ ਦਿਓ ਬੇਟਾ, ਜਿਸ ਨੂੰ ਤੁਸੀਂ ਸਭ ਤੋਂ ਵੱਧ ਮੰਨਦੇ ਹੋ ਤੁਹਾਡਾ ਤ
ਜਿਹੜਾ ਵੀ ਧਰਮ ਹੈ ਤੁਸੀਂ ਜਿਸ ਵੀ ਗੁਰੂ ਪੀਰ ਨੂੰ ਮੰਨਦੇ ਹੋ ਉਸ ਥਾਂ ਤੇ ਜਾ ਕੇ ਆਪਣੀ ਪਹਿਲੀ ਕਮਾਈ ਨੂੰ ਰੱਖ ਕੇ ਮੱਥਾ ਟੇਕ ਦਿਓ।

ਤਰਸ ਭਰੀ ਆਵਾਜ਼ ਵਿੱਚ ਉਸਨੇ ਕਿਹਾ ਸਰ ਮੇਰਾ ਤਾਂ ਰੱਬ ਤੁਸੀਂ ਹੋ! ਅੱਖਾਂ ਵਿੱਚ ਪਾਣੀ ਭਰਦੇ ਨੇ ਕਿਹਾ ਉਹ ਤਾਂ ਜੱਪੀ ਪਾ ਕੇ ਮੂੰਹ ਚੁੰਮ ਕੇ ਆਪਣਾ ਗਿਫਟ ਦੇ ਕੇ ਹੱਸਦਾ ਹੋਇਆ ਚਲਿਆ ਗਿਆ ਪਰ ਮੈਨੂੰ ਜਾਂਦਾ ਜਾਂਦਾ ਮੇਰੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾ ਗਿਆ ਤੇ ਵਾਦਾ ਨਿਭਾਉਣਾ ਵੀ ਸਿਖਾ ਗਿਆ। ਭਾਵੇਂ ਲੋਕ ਮੈਨੂੰ ਬੁਰਾ ਆਖਦੇ ਨੇ ਭਾਵੇਂ ਪਾਗਲ ਆਖਦੇ ਨੇ ਮੈਨੂੰ ਕੋਈ ਫਰਕ ਨਹੀਂ ਪੈਂਦਾ ਮੇਰੇ ਰੋਮ ਰੋਮ ਵਿੱਚ ਪਿਆਰ ਵਸ ਗਿਆ ਹੈ ਉਨਾ ਬੱਚਿਆਂ ਲਈ ਜਿਹੜੀ ਅਣਜਾਣ ਹੋ ਕੇ ਵੀ ਆਪਣੇ ਬਣ ਜਾਂਦੇ ਨੇ ਤੇ ਰਿਸ਼ਤਾ ਨਿਭਾਉਣਾ ਤੇ ਰਿਸ਼ਤਾ ਬਣਾਉਣਾ ਸਿਖਾ ਜਾਂਦੇ ਨੇ ਵਾਦਾ ਕੀ ਹੁੰਦਾ ਵਾਅਦਾ ਨਿਭਾਉਣਾ ਸਿਖਾ ਜਾਂਦੇ ਨੇ।

## ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਨੈਤਿਕਤਾ

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

ਗੁਰੂ ਤੇਗ ਬਹਾਦਰ ਜੀ (1621-1675) ਦੇ ਰਚੇ ਹੋਏ 59 ਸ਼ਬਦ ਅਤੇ 57 ਸ਼ਲੋਕ ਆਦਿ ਗ੍ਰੰਥ ਵਿੱਚ ਸੰਕਲਿਤ ਹਨ। ਇਹ ਸ਼ਬਦ ਕੁੱਲ 15 ਰਾਗਾਂ (ਗਉੜੀ, ਆਸਾ, ਦੇਵਗੰਧਾਰੀ, ਬਿਹਾਗੜਾ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ, ਬਿਲਾਵਲ, ਰਾਮਕਲੀ, ਮਾਰੂ, ਬਸੰਤ, ਸਾਰੰਗ, ਜੈਜਾਵੰਤੀ) ਅਧੀਨ ਦਰਜ ਹਨ, ਜਿਨ੍ਹਾਂ 'ਚੋਂ ਜੈਜਾਵੰਤੀ ਰਾਗ ਵਿਚ ਕੇਵਲ ਆਪ ਜੀ ਦੇ ਹੀ ਰਚੇ ਹੋਏ ਚਾਰ ਸ਼ਬਦ ਹਨ, ਹੋਰ ਕਿਸੇ ਗੁਰੂ/ਭਗਤ-ਕਵੀ ਨੇ ਇਸ ਰਾਗ ਵਿੱਚ ਬਾਣੀ ਨਹੀਂ ਰਚੀ।
ਗੁਰੂ ਸਾਹਿਬ ਦੀ ਸਮੁੱਚੀ ਜ਼ਿੰਦਗੀ ਵੱਲ ਵੇਖੀਏ, ਤਾਂ ਪਤਾ ਲੱਗਦਾ ਹੈ ਕਿ ਉਨ੍ਹਾਂ ਦਾ ਸਾਰਾ ਜੀਵਨ ਹੀ ਤਿਆਗ, ਧਰਮ- ਰੱਖਿਅਕ, ਪ੍ਰੇਮ-ਭਗਤੀ, ਤਪੱਸਿਆ ਅਤੇ ਸ਼ਾਂਤੀ ਵਾਲਾ ਹੈ। ਉਨ੍ਹਾਂ ਦੀ ਜ਼ਿੰਦਗੀ ਵਿੱਚ ਇੱਕ ਦਿਨ ਵੀ ਅਜਿਹਾ ਨਹੀਂ ਬੀਤਿਆ, ਜਦੋਂ ਉਹ ਰੱਬੀ-ਨਾਮ ਦੇ ਸਿਮਰਨ ਤੋਂ ਬਿਨਾਂ ਰਹੇ ਹੋਣ। ਸੰਸਾਰਿਕ ਸੁੱਖਾਂ ਵਿੱਚ ਜੀਵਨ ਬਿਤਾਉਣ ਦੀ ਇੱਛਾ ਉਨ੍ਹਾਂ ਦੇ ਮਨ ਵਿੱਚ ਕਦੇ ਪੈਦਾ ਨਹੀਂ ਹੋਈ। ਉਨ੍ਹਾਂ ਨੇ ਆਪਣੀ ਬਾਣੀ ਰਾਹੀਂ ਸਮੁੱਚੀ ਮਾਨਵ-ਜਾਤੀ ਨੂੰ ਨੈਤਿਕਤਾ ਦੀ ਸਿੱਖਿਆ ਦਿੱਤੀ ਹੈ। ਮਾਨਵ-ਜੀਵਨ ਵਿੱਚ ਮਨੁੱਖ ਨੂੰ ਸਭ ਤੋਂ ਵੱਧ ਨੁਕਸਾਨ ਪਹੁੰਚਾਉਣ ਵਾਲੀ ਬੁਰਾਈ ਲਾਲਚ ਹੈ। ਇਸ ਤੋਂ ਦੂਰ ਰਹਿ ਕੇ ਹੀ ਮਨੁੱਖ ਵਾਸਤਵ ਵਿੱਚ ਲੋਕ-ਕਲਿਆਣ ਕਰ ਸਕਦਾ ਹੈ। ਇਸ ਯਥਾਰਥ ਦਾ ਬੋਧ ਗੁਰੂ ਸਾਹਿਬ ਨੂੰ ਆਪਣੇ ਜੀਵਨ ਦੇ ਆਰੰਭਕ-ਕਾਲ ਵਿਚ ਹੀ ਹੋ ਗਿਆ ਸੀ। ਜਵਾਨੀ ਤੋਂ ਪ੍ਰੌਢ ਅਵਸਥਾ ਤੱਕ ਪਹੁੰਚਦੇ ਉਨ੍ਹਾਂ ਨੇ ਮਨੁੱਖੀ ਜੀਵਨ ਦੇ ਵੱਖ-ਵੱਖ ਪਹਿਲੂਆਂ ਦਾ ਡੂੰਘਾ ਅਧਿਐਨ ਕੀਤਾ ਤੇ ਆਪਣੀ ਬਾਣੀ ਵਿਚ ਲਾਲਚ ਦੀ ਭਾਵਨਾ ਨੂੰ ਮਾਨਵ-ਕਲਿਆਣ ਦੇ ਰਸਤੇ ਵਿੱਚ ਰੁਕਾਵਟ ਦੱਸਿਆ। ਉਨ੍ਹਾਂ ਨੇ ਲਾਲਚ ਲਈ 'ਲੋਭ' ਸ਼ਬਦ ਦੀ ਵਰਤੋਂ ਕੀਤੀ ਹੈ। ਉਦਾਹਰਣ ਵਜੋਂ:



ਕਰਣੋ ਹੁਤੋ ਸੁ ਨਾ ਕੀਓ
ਪਰਿਓ ਲੋਭ ਕੈ ਫੰਧ॥
ਨਾਨਕ ਸਮਿਓ ਰਮਿ ਗਇਓ
ਅਬ ਕਿਉ ਰੋਵਤ ਅੰਧ॥
(ਸਲੋਕ ੩੯)
ਸੁਖੁ ਦੁਖੁ ਜਿਹ ਪਰਸੈ ਨਹੀ
ਲੋਭੁ ਮੋਹੁ ਅਭਿਮਾਨੁ॥
ਕਹੁ ਨਾਨਕ ਸੁਨੁ ਰੇ ਮਨਾ
ਸੋ ਮੂਰਤਿ ਭਗਵਾਨ॥
(ਸਲੋਕ ੧੩)

ਸੰਸਾਰਕ ਪਦਾਰਥਾਂ ਨੂੰ ਪ੍ਰਾਪਤ ਕਰਕੇ ਮਨੁੱਖ ਅਭਿਮਾਨੀ ਹੋ ਜਾਂਦਾ ਹੈ। ਉਸ ਵਿੱਚ ਹੰਕਾਰ ਤੇ ਹਉਮੈ ਦੀ ਭਾਵਨਾ ਇੰਨੀ ਪ੍ਰਬਲ ਹੋ ਜਾਂਦੀ ਹੈ ਕਿ ਉਸ ਨੂੰ ਆਪਣੇ-ਪਰਾਏ ਵਿੱਚ ਵੀ ਫ਼ਰਕ ਨਜ਼ਰ ਨਹੀਂ ਆਉਂਦਾ। ਗੁਰੂ ਸਾਹਿਬ ਨੇ ਮਨੁੱਖ ਨੂੰ ਅਭਿਮਾਨ ਦਾ ਤਿਆਗ ਕਰਨ ਅਤੇ ਹਰਿ-ਨਾਮ ਦਾ ਸਿਮਰਨ ਕਰਨ ਦਾ ਉਪਦੇਸ਼ ਦਿੱਤਾ ਹੈ। ਜੋ ਮਨੁੱਖ ਹੰਕਾਰ ਨੂੰ ਛੱਡ ਦਿੰਦਾ ਹੈ, ਉਸੇ ਨੂੰ ਹੀ ਅਸਲ ਵਿੱਚ 'ਕਰਤਾ-ਪੁਰਖ' ਦਾ ਗਿਆਨ ਹੁੰਦਾ ਹੈ:

ਜਿਹਿ ਪ੍ਰਾਨੀ ਹਉਮੈ ਤਜੀ
ਕਰਤਾ ਰਾਮੁ ਪਛਾਨਿ॥
ਕਹੁ ਨਾਨਕ ਵਹੁ ਮੁਕਤਿ ਨਰੁ
ਇਹ ਮਨ ਸਾਚੀ ਮਾਨ॥
(ਸਲੋਕ ੧੯)
ਤੀਰਥ ਬਰਤ ਅਰੁ ਦਾਨ ਕਰਿ
ਮਨ ਮੈ ਧਰੈ ਗੁਮਾਨੁ॥
ਨਾਨਕ ਨਿਹਫਲ ਜਾਤ ਤਿਹ
ਜਿਉ ਕੁੰਚਰ ਇਸਨਾਨੁ॥
(ਸਲੋਕ ੪੬)
ਤਜਿ ਅਭਿਮਾਨ ਮੋਹ ਮਾਇਆ ਫੁਨਿ
ਭਜਨ ਰਾਮ ਚਿਤੁ ਲਾਵਉ॥
(ਗਉੜੀ ਮਹਲਾ ਨੌਵਾਂ)

ਕਾਮ ਤੇ ਕ੍ਰੋਧ ਵਿੱਚ ਗ੍ਰਸਿਆ ਹੋਇਆ ਵਿਅਕਤੀ ਸਹੀ- ਗਲਤ ਦੀ ਪਛਾਣ ਨਹੀਂ ਕਰ ਸਕਦਾ। ਇਹ ਦੋਵੇਂ ਬਹੁਤ ਸ਼ਕਤੀਸ਼ਾਲੀ ਵਿਕਾਰ ਹਨ। ਜਿਸ ਵਿਅਕਤੀ ਤੇ ਕਾਮ ਹਾਵੀ ਹੋ ਜਾਂਦਾ ਹੈ, ਉਹ ਇੰਨਾ ਅੰਨ੍ਹਾ ਹੋ ਜਾਂਦਾ ਹੈ ਕਿ ਕਿਸੇ ਦੂਜੇ ਦਾ ਉਪਦੇਸ਼ ਨਹੀਂ ਸੁਣਦਾ। ਇਨ੍ਹਾਂ ਬੁਰਾਈਆਂ ਦੀ ਝਲਕ ਵਿੱਚ ਮਨੁੱਖ ਨੂੰ ਵਾਸਤਵਿਕ ਪ੍ਰਭੂ ਦਾ ਰੂਪ ਨਜ਼ਰ ਨਹੀਂ ਆਉਂਦਾ। ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਇਨ੍ਹਾਂ ਤੋਂ ਬਚਣ ਦੀ ਪ੍ਰੇਰਨਾ ਕੀਤੀ ਹੈ:

ਸਾਧੋ ਮਨ ਕਾ ਮਾਨ ਤਿਆਗਉ॥
ਕਾਮਿ ਕ੍ਰੋਧ ਸੰਗਤਿ ਦੁਰਜਨ ਕੀ
ਤਾ ਤੇ ਅਹਿਨਿਸ ਭਾਗਉ॥
(ਗਉੜੀ ਮਹਲਾ ਨੌਵਾਂ)
ਕਾਮ ਕ੍ਰੋਧ ਮੋਹ ਬਸਿ ਪ੍ਰਾਨੀ
ਹਰਿ ਮੂਰਤਿ ਬਿਸਰਾਈ॥
(ਗਉੜੀ ਮਹਲਾ ਨੌਵਾਂ)
ਕਾਮ ਕ੍ਰੋਧ ਜਿਹ ਪਰਸੈ ਨਾਹਿਨ
ਤਿਹ ਘਟਿ ਬ੍ਰਹਮ ਨਿਵਾਸਾ॥
(ਸੋਰਠਿ ਮਹਲਾ ਨੌਵਾਂ)

ਸੰਸਾਰਕ ਜੀਵਨ ਵਿੱਚ ਧਨੀ ਪੁਰਸ਼ ਨੂੰ ਬਹੁਤ ਜ਼ਿਆਦਾ ਮਹੱਤਾ ਦਿੱਤੀ ਜਾਂਦੀ ਹੈ। ਧਨਵਾਨ ਵਿਅਕਤੀ ਚਾਹੇ ਕਿੰਨਾ ਵੀ ਚਰਿੱਤਰਹੀਣ ਹੋਵੇ ਜਾਂ ਅਤਿਆਚਾਰੀ ਕਿਉਂ ਨਾ ਹੋਵੇ, ਲੋਕ ਉਹਦੇ ਔਗੁਣਾਂ ਵੱਲ ਧਿਆਨ ਨਹੀਂ ਦਿੰਦੇ। ਪਰ ਸੰਸਾਰ ਵਿਚ ਬਹੁਤੀਆਂ ਲੜਾਈਆਂ ਦਾ ਕਾਰਨ ਧਨ ਦੀ ਪ੍ਰਾਪਤੀ ਹੀ ਹੈ। ਹਰ ਕੋਈ ਦੂਜੇ ਤੋਂ ਵਧੇਰੇ ਧਨ ਹਥਿਆਉਣਾ ਚਾਹੁੰਦਾ ਹੈ। ਧਨ ਅਤੇ ਇਸਤ੍ਰੀ ਦੇ ਮਹੱਤਵ ਨੂੰ ਨਕਾਰਦੇ ਗੁਰੂ ਸਾਹਿਬ ਲਿਖਦੇ ਹਨ:

ਧਨੁ ਦਾਰਾ ਸੰਪਤਿ ਸਗਲ
ਜਿਨਿ ਅਪੁਨੀ ਕਰਿ ਮਾਨਿ॥
ਇਨ ਮੈ ਕਛੁ ਸੰਗੀ ਨਹੀ
ਨਾਨਕ ਸਾਚੀ ਜਾਨਿ॥
(ਸਲੋਕ ੫)
ਧਨੁ ਦਾਰਾ ਸੰਪਤਿ ਗ੍ਰੇਹ
ਕਛੁ ਸੰਗਿ ਨ ਚਾਲੈ ਸਮਝ ਲੇਹ॥
(ਬਸੰਤ ਮਹਲਾ ਨੌਵਾਂ)

ਇਸ ਸੰਸਾਰ ਵਿੱਚ ਸੁਖ ਦੀ ਪ੍ਰਾਪਤੀ ਲਈ ਉਪਰੋਕਤ ਵਿਕਾਰਾਂ ਤੋਂ ਬਿਨਾਂ ਵਿਅਕਤੀ ਨੂੰ ਮੋਹ-ਮਮਤਾ ਤੋਂ ਵੀ ਛੁਟਕਾਰਾ ਪਾਉਣ ਦੇ ਆਦੇਸ਼ ਦਿੱਤੇ ਗਏ ਹਨ। ਗੁਰੂ ਸਾਹਿਬ ਨੇ ਸੰਸਾਰ ਦੀ ਅਸਥਿਰਤਾ ਅਤੇ ਛਿਣ-ਭੰਗਰਤਾ ਦਾ ਜ਼ਿਕਰ ਕਰਦਿਆਂ ਇਸ ਗੱਲ ਤੇ ਵਿਸ਼ੇਸ਼ ਜ਼ੋਰ ਦਿੱਤਾ ਹੈ ਕਿ ਮੋਹ-ਮਾਇਆ ਨੂੰ ਤਿਆਗਣਾ ਬਹੁਤ ਜ਼ਰੂਰੀ ਹੈ:

ਲੋਭ ਮੋਹ ਮਾਇਆ ਮਮਤਾ ਫੁਨਿ
ਜਿਹ ਘਟ ਮਾਹਿ ਪਛਾਨਉ॥
(ਧਨਾਸਰੀ ਮਹਲਾ ਨੌਵਾਂ)
ਸੁਖੁ ਦੁਖੁ ਜਿਹ ਪਰਸੈ ਨਹੀ
ਲੋਭੁ ਮੋਹੁ ਅਭਿਮਾਨੁ॥
ਕਹੁ ਨਾਨਕ ਸੁਨੁ ਰੇ ਮਨਾ
ਸੋ ਮੂਰਤਿ ਭਗਵਾਨ॥
(ਸਲੋਕ ੧੩) ਅੱਜ ਵੀ ਸਾਰਾ ਸੰਸਾਰ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਵਰਗੇ ਵਿਸ਼ੇ-ਵਿਕਾਰਾਂ ਵਿੱਚ ਫਸਿਆ ਹੋਇਆ ਹੈ। ਉਸ ਨੂੰ ਆਪੇ ਦੀ ਸੋਝੀ ਨਹੀਂ ਰਹੀ। ਉਹ ਸੰਸਾਰਕ ਵਸਤੂਆਂ– ਧਨ, ਜਵਾਨੀ ਤੇ ਪ੍ਰਭੁਤਾ ਨਾਲ ਪਿਆਰ ਪਾਈ ਬੈਠਾ ਹੈ। ਕਈ ਪ੍ਰਕਾਰ ਦੇ ਧਾਰਮਿਕ ਅਡੰਬਰ ਤੇ ਪਾਖੰਡ ਅੱਜ ਵੀ ਉਸੇ ਤਰ੍ਹਾਂ ਚੱਲ ਰਹੇ ਹਨ। ਗੁਰੂ ਸਾਹਿਬ ਨੇ ਆਪਣੀ ਸਾਰੀ ਬਾਣੀ ਵਿਚ ਇਸੇ ਗੱਲ ਤੇ ਜ਼ੋਰ ਦਿੱਤਾ ਹੈ ਕਿ ਉਹ ਸੰਸਾਰਿਕ ਪਦਾਰਥਾਂ ਦਾ ਮੋਹ ਛੱਡ ਦੇਵੇ, ਕਿਉਂਕਿ ਸਾਰੀਆਂ ਚੀਜ਼ਾਂ ਅਸਥਾਈ ਅਤੇ ਛਿਣ-ਭਰ ਲਈ ਹਨ। ਮਨੁੱਖ ਨੂੰ ਰਾਮ-ਨਾਮ ਦਾ ਸਹਾਰਾ ਲੈਣਾ ਚਾਹੀਦਾ ਹੈ ਅਤੇ ਦੌਲਤ ਜਾਂ ਸਾਕ-ਸਬੰਧੀਆਂ ਵਿੱਚ ਮਨ ਨਹੀਂ ਲਾਉਣਾ ਚਾਹੀਦਾ। ਕਿਉਂਕਿ ਸਾਰੀਆਂ ਵਸਤਾਂ ਅਸਥਿਰ ਹਨ। ਜੋ ਵਿਅਕਤੀ ਗ਼ਮੀ ਤੇ ਖੁਸ਼ੀ ਜਾਂ ਭਲਾਈ ਤੇ ਬੁਰਾਈ ਨੂੰ ਇੱਕੋ ਜਿਹਾ ਸਮਝਦਾ ਹੈ, ਕਿਸੇ ਵੀ ਵਕਤ ਖ਼ੁਸ਼ ਜਾਂ ਉਦਾਸ ਨਹੀਂ ਹੁੰਦਾ, ਉਹ ਹੀ ਇਸ ਜਗਤ ਨੂੰ ਸਮਝਣ ਵਾਲਾ ਹੈ। ਆਓ, ਅੱਜ ਦੇ ਇਸ ਵਿਕਾਰਗ੍ਰਸਤ ਸਮੇਂ ਵਿਚ ਗੁਰੂ ਸਾਹਿਬ ਦੇ ਉਪਦੇਸ਼ਾਂ ਨੂੰ ਪੱਲੇ ਨਾਲ ਬੰਨ੍ਹੀਏ! ਇਹੋ ਹੀ ਉਨ੍ਹਾਂ ਨੂੰ ਸਾਡੀ ਸੱਚੀ ਸ਼ਰਧਾਂਜਲੀ ਹੋਵੇਗੀ!